بِسْمِ اللّٰہِ الرَّحْمٰنِ الرَّحِیْم     نَحْمَدُہٗ وَ نُصَلِّی عَلٰی رَسُوْلِہِ الْکَرِیْم     وَ عَلٰی عَبْدِہِ الْمَسِیْحِ الْمَوْعُوْد
لَآ اِلٰہَ اِلَّا اللّٰہُ مُحَمَّدٌ رَّسُوْلُ اللّٰہ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in     ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗਜ਼ਵਾਹ ਬਨੂ ਮੁਸਤਲਿਕ ਦੇ ਹਵਾਲੇ ਨਾਲ ਇਫ਼ੱਕ ਦੇ ਕਿਸੇ ਦਾ ਵਿਸਥਾਰਪੂਰਵਕ ਜ਼ਿਕਰ ਅਤੇ ਬੰਗਲਾਦੇਸ਼ ਤੇ ਪਾਕਿਸਤਾਨ ਦੇ ਅਹਮਦੀਆਂ ਅਤੇ ਹੋਰ ਮੁਸਲਮਾਨਾਂ ਲਈ ਦੁਆਵਾਂ ਦੀ ਤਹਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 16 ਅਗਸਤ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَ إِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਊਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਪਿੱਛਲੇ ਕੁੱਝ ਖੁਤਬਿਆਂ ਤੋਂ ਗਜ਼ਵਾਹ ਬਨੂ ਮੁਸਤਲਿਕ ਦਾ ਜ਼ਿਕਰ ਹੋ ਰਿਹਾ ਸੀ। ਜਿਸ ਦੇ ਹੋਰ ਵਿਸਥਾਰ ਵਿੱਚ ਇਹ ਗੱਲ੍ਹ ਵੀ ਲਿਖੀ ਗਈ ਹੈ ਕਿ ਬਨੂ ਮੁਸਤਲਿਕ ਤੋਂ ਵਾਪਸੀ ਉੱਤੇ ਜੱਦ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨਕੀਅ (ਇੱਕ ਥਾਂ ਦਾ ਨਾਂ) ਤੋਂ ਲੰਘੇ ਤਾਂ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਉੱਥੇ ਘਾਹ ਅਤੇ ਬਹੁਤ ਸਾਰੇ ਤਲਾਬ ਆਦਿ ਵੇਖੇ। ਆਪ ਸੱਲਲਾਹੁ ਅਲੈਹਿ ਵੱਸਲਮ ਦੇ ਪੁੱਛਣ ਉੱਤੇ ਦੱਸਿਆ ਗਿਆ ਕਿ ਗਰਮੀਆਂ ਵਿੱਚ ਇਸ ਤਲਾਬ ਦਾ ਪਾਣੀ ਘੱਟ ਜਾਂਦਾ ਹੈ। ਆਪ ਸੱਲਲਾਹੁ ਅਲੈਹਿ ਵੱਸਲਮ ਨੇ ਹਜ਼ਰਤ ਹਾਤਿਬ ਬਿਨ ਅਬੀ ਬਲਤਾਅ ਰਜ਼ੀ ਅੱਲਾਹ ਅੰਨਹੁ ਨੂੰ ਖ਼ੂਹ ਪੁੱਟਣ ਅਤੇ ਇਸ ਥਾਂ ਨੂੰ ਚਰਾਗਾਹ ਬਣਾਉਣ ਦਾ ਹੁਕਮ ਦਿੱਤਾ ਅਤੇ ਹਜ਼ਰਤ ਬਿਲਾਲ ਬਿਨ ਹਾਰਿਸ ਅਲ-ਮੁਜ਼ਨੀ ਰਜ਼ੀ ਅੱਲਾਹ ਅੰਨਹੁ ਨੂੰ ਨਿਗਰਾਨ ਬਣਾਇਆ। ਆਪ ਸੱਲਲਾਹੁ ਅਲੈਹਿ ਵੱਸਲਮ ਨੇ ਉਹਨਾਂ ਨੂੰ ਫ਼ਰਮਾਇਆ ਕਿ ਪੋਹ ਫੁੱਟਾਲੇ ਦੇ ਸਮੇਂ ਇੱਕ ਵਿਅਕਤੀ ਨੂੰ ਇੱਕ ਪਹਾੜ੍ਹੀ ਉੱਤੇ ਖੜ੍ਹਾ ਕਰੋ ਅਤੇ ਜਿੱਥੇ ਤੱਕ ਉਸ ਦੀ ਆਵਾਜ਼ ਜਾਏ। ਉੱਥੇ ਤੱਕ ਮੁਸਲਮਾਨਾਂ ਦੇ ਜਿਹਾਦ ਵਾਲੇ ਊਠਾਂ ਅਤੇ ਘੋੜਿਆਂ ਲਈ ਚਰਾਗਾਹ ਬਣਾਓ। ਆਪ ਸੱਲਲਾਹੁ ਅਲੈਹਿ ਵੱਸਲਮ ਨੇ ਕਮਜ਼ੋਰ ਮਰਦਾਂ, ਔਰਤਾਂ ਅਤੇ ਗਰੀਬਾਂ ਨੂੰ ਉਸ ਚਰਾਗਾਹ ਵਿੱਚ ਆਪਣੀਆਂ ਬਕਰੀਆਂ ਅਤੇ ਭੇਡੂ ਚਰਾਉਣ ਦੀ ਆਗਿਆ ਵੀ ਦਿੱਤੀ। ਇਹ ਚਰਾਗਾਹ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ, ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਉਸਮਾਨ ਰਜ਼ੀ ਅੱਲਾਹ ਅੰਨਹੁ ਦੇ ਦੌਰੇ ਖਿਲਾਫ਼ਤ ਤੱਕ ਕਾਯਮ ਰਹੀ ਅਤੇ ਬਾਦ ਵਿੱਚ ਜਾਨਵਰ ਵੱਧਣ ਕਰਕੇ ਥਾਂ ਬਦਲ ਦਿੱਤਾ ਗਿਆ।

ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਸਹਾਬਾ ਨੂੰ ਚੁਸਤ ਅਤੇ ਤਾਜ਼ਾ ਦਮ ਰੱਖਣ ਦਾ ਬਹੁਤ ਪ੍ਰਬੰਧ ਕਰਦੇ ਸਨ ਅਤੇ ਸਮੇਂ ਸਮੇਂ ਉਹਨਾਂ ਵਿੱਚ ਖੇਡ ਦੇ ਅਜਿਹੇ ਮੁਕਾਬਲੇ ਕਰਵਾਉਂਦੇ ਸਨ। ਜਿਨ੍ਹਾਂ ਵਿੱਚ ਬਹਾਦਰੀ, ਈਮਾਨ ਅਤੇ ਜਿਹਾਦ ਲਈ ਤਿਆਰ ਰਹਿਣ ਵਾਲਾ ਪਹਿਲੂ ਨਜ਼ਰ ਵਿੱਚ ਸੀ। ਸੋ, ਗਜ਼ਵਾਹ ਬਨੂ ਮੁਸਤਲਿਕ ਤੋਂ ਵਾਪਸੀ ਉੱਤੇ ਨਕੀਅ ਵਿੱਚ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਸਹਾਬਾ ਵਿੱਚਕਾਰ ਘੋੜਿਆਂ ਅਤੇ ਊਠਾਂ ਦੀ ਦੌੜ ਦਾ ਮੁਕਾਬਲਾ ਵੀ ਕਰਵਾਇਆ। ਆਪ ਸੱਲਲਾਹੁ ਅਲੈਹਿ ਵੱਸਲਮ ਦੀ ਊਠਨੀ ਕੱਸਵਾ ਸਭ ਊਠਾਂ ਤੋਂ ਅੱਗੇ ਨਿਕਲ ਗਈ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਦਾ ਘੋੜਾ ਜ਼ਰਬ ਵੀ ਸਭ ਘੋੜਿਆਂ ਤੋਂ ਅੱਗੇ ਨਿਕਲ ਗਿਆ। ਇਸੇ ਥਾਂ ਆਪ ਸੱਲਲਾਹੁ ਅਲੈਹਿ

ਵੱਸਲਮ ਨੇ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਨਾਲ ਵੀ ਦੌੜ ਦਾ ਮੁਕਾਬਲਾ ਲਾਇਆ ਅਤੇ ਇਸ ਮੁਕਾਬਲੇ ਵਿੱਚ ਆਪ ਸੱਲਲਾਹੁ ਅਲੈਹਿ ਵੱਸਲਮ ਉਹਨਾਂ ਤੋਂ ਅੱਗੇ ਨਿਕਲ ਗਏ ਅਤੇ ਫ਼ਰਮਾਇਆ ਕਿ ਇਹ ਉਸ ਵਾਰ ਦਾ ਬਦਲਾ ਹੈ। ਜੱਦ ਤੁਸੀਂ ਮੈਥੋਂ ਅੱਗੇ ਨਿਕਲ ਗਏ ਸਨ। ਇਸ ਜੁਮਲੇ ਵਿੱਚ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਪਿੱਛਲੇ ਇੱਕ ਕਿੱਸੇ ਵੱਲ੍ਹ ਇਸ਼ਾਰਾ ਕੀਤਾ ਸੀ। ਜੱਦ ਆਪ ਸੱਲਲਾਹੁ ਅਲੈਹਿ ਵੱਸਲਮ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਦੇ ਘਰ ਗਏ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਦੇ ਹੱਥ ਵਿੱਚ ਕੋਈ ਚੀਜ਼ ਵੇਖੀ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਦੇ ਮੰਗਣ ਉੱਤੇ ਉਹਨਾਂ ਨੇ ਇੰਨਕਾਰ ਕਰਕੇ ਭੱਜਣਾ ਸ਼ੁਰੂ ਕੀਤਾ। ਆਪ ਸੱਲਲਾਹੁ ਅਲੈਹਿ ਵੱਸਲਮ ਵੀ ਉਹਨਾਂ ਵੱਲ੍ਹ ਦੌੜੇ। ਪਰ ਉਹ ਹੱਥ ਨ ਆਈਂ ਅਤੇ ਅੱਗੇ ਨਿਕਲ ਗਈਂ। ਇਹ ਉਹ ਗੱਲ੍ਹਾਂ ਹਨ। ਜੋ ਘਰ ਦੇ ਮਾਹੌਲ ਨੂੰ ਸੋਹਣਾ ਬਣਾਉਣ ਲਈ ਆਪ ਸੱਲਲਾਹੁ ਅਲੈਹਿ ਵੱਸਲਮ ਕਰਦੇ ਸਨ। ਹਰ ਕੰਮ ਵਿੱਚ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਸਾਡੇ ਸਾਮ੍ਹਣੇ ਆਪਣਾ ਨਮੂਨਾ ਕਾਯਮ ਕੀਤਾ ਹੈ। ਇਹ ਉਹਨਾਂ ਲੋਕਾਂ ਲਈ ਵੀ ਨਮੂਨਾ ਹੈ। ਜੋ ਆਪਣੀ ਪਤਨੀਆਂ ਉੱਤੇ ਬਹੁਤ ਸਖਤੀਆਂ ਕਰਦੇ ਹਨ। ਅੱਜ ਕੱਲ੍ਹ ਦੇ ਲੋਕਾਂ ਲਈ ਵੀ ਇਹ ਨਮੂਨਾ ਹੈ। ਔਰਤਾਂ ਦੇ ਨਾਲ ਇਹ ਚੰਗਾ ਵਤੀਰਾ ਇਸਲਾਮ ਨੇ ਸਿਖਲਾਇਆ ਹੈ। ਜਿਸ ਦਾ ਨਮੂਨਾ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਕਾਯਮ ਕੀਤਾ।

ਇਸ ਸਫ਼ਰ ਵਿੱਚ ਇਫੱਕ ਦੇ ਕਿੱਸੇ ਦਾ ਵੀ ਜ਼ਿਕਰ ਮਿਲਦਾ ਹੈ। ਇਸ ਦਾ ਵਿਸਥਾਰ ਇੰਝ ਹੈ ਕਿ ਗਜ਼ਵਾਹ ਬਨੂ ਮੁਸਤਲਿਕ ਤੋਂ ਵਾਪਸੀ ਉੱਤੇ ਮੁਨਾਫ਼ਿਕਾਂ ਵਲੋਂ ਇੱਕ ਹੋਰ ਫ਼ਸਾਦ ਖੜਾ ਕੀਤਾ ਗਿਆ ਅਤੇ ਉਹ ਉੱਮੁਲ-ਮੋਮਿਨੀਨ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਉੱਤੇ ਝੂਠੇ ਆਰੋਪ ਦਾ ਕਿੱਸਾ ਹੈ।

ਸਹੀ ਬੁਖਾਰੀ ਦੀ ਸਾਖੀ ਅਨੁਸਾਰ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਇਫੱਕ ਦੇ ਕਿੱਸੇ ਦਾ ਵਿਸਥਾਰ ਬਿਆਨ ਕਰਦੇ ਹੋਏ ਫ਼ਰਮਾਉਂਦੀ ਹਨ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਜੱਦ ਕਿਸੇ ਸਫ਼ਰ ਦਾ ਇਰਾਦਾ ਕਰਦੇ ਤਾਂ ਆਪਣੀਆਂ ਪਤਨੀਆਂ ਵਿੱਚਕਾਰ ਕੁਰਆ ਪਾਉਂਦੇ। ਫਿਰ ਉਹਨਾਂ ਵਿੱਚੋਂ ਜਿਸ ਦਾ ਕੁਰਆ ਨਿਕਲਦਾ ਸੀ। ਉਸ ਨੂੰ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਆਪਣੇ ਨਾਲ ਲੈ ਕੇ ਜਾਂਦੇ। ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਨੇ ਬਿਆਨ ਕੀਤਾ ਕਿ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਇੱਕ ਗਜ਼ਵਾਹ ਵਿੱਚ ਜਾਣ ਲਈ ਸਾਡੇ ਵਿੱਚਕਾਰ ਕੁਰਆ ਪਾਇਆ ਅਤੇ ਕੁਰਆ ਮੇਰੇ ਨਾਂ ਦਾ ਨਿਕਲਿਆ। ਪਰਦੇ ਦਾ ਹੁਕਮ ਆ ਚੁੱਕਿਆ ਸੀ ਅਤੇ ਮੈਂ ਆਪ ਸੱਲਲਾਹੁ ਅਲੈਹਿ ਵੱਸਲਮ ਦੇ ਨਾਲ ਗਈ। ਸਫ਼ਰ ਦੇ ਦੌਰਾਨ ਮੈਂ ਪਾਲਕੀ ਦੇ ਅੰਦਰ ਬਹਿਠੀ ਸੀ ਅਤੇ ਲੋਕ ਮੇਰੀ ਪਾਲਕੀ ਨੂੰ ਚੁੱਕ ਕੇ ਊਂਠ ਉੱਤੇ ਰੱਖ ਦਿੰਦੇ ਸਨ ਅਤੇ ਜਿੱਥੇ ਰੁਕਦੇ ਤਾਂ ਉੱਥੇ ਮੇਰੀ ਪਾਲਕੀ ਨੂੰ ਲਾਹ ਦਿੰਦੇ। ਗਜ਼ਵਾਹ ਤੋਂ ਵਾਪਸ ਆਉਂਦੇ ਹੋਏ। ਜੱਦ ਅਸੀਂ ਮਦੀਨਾ ਦੇ ਨੇੜੇ ਪਹੁੰਚੇ ਤਾਂ ਇੱਕ ਰਾਤ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਤੁਰਨ ਦਾ ਆਦੇਸ਼ ਦਿੱਤਾ। ਮੈਂ ਪਾਲਕੀ ਵਿੱਚ ਨਹੀਂ ਸੀ ਅਤੇ ਜੱਦ ਵਾਪਸ ਆਈ ਤਾਂ ਆਪਣੇ ਗਲੇ ਨੂੰ ਹੱਥ ਲਾਇਆ ਤਾਂ ਪਤਾ ਲੱਗਿਆ ਕਿ ਮੇਰਾ ਜ਼ਫ਼ਾਰ ਦੇ ਨਗੀਨੀਆਂ ਵਾਲਾ ਹਾਰ ਕਿੱਥੇ ਟੁੱਟ ਕੇ ਡਿੱਗ ਗਿਆ ਹੈ। ਮੈਂ ਉਸ ਨੂੰ ਲੱਭਣ ਗਈ। ਉਹ ਲੋਕ ਜੋ ਮੇਰੀ ਪਾਲਕੀ ਨੂੰ ਚੁੱਕਦੇ ਸਨ। ਉਹਨਾਂ ਨੇ ਮੇਰੀ ਪਾਲਕੀ ਨੂੰ ਚੁੱਕ ਕੇ ਊਂਠ ਉੱਤੇ ਰੱਖ ਦਿੱਤਾ। ਜੱਦਕਿ ਉਹਨਾਂ ਨੇ ਸਮਝਿਆ ਕਿ ਮੈਂ ਪਾਲਕੀ ਵਿੱਚ ਹਾਂ ਅਤੇ ਉਹ ਤੁਰ ਪਏ। ਮੈਨੂੰ ਮੇਰਾ ਹਾਰ ਮਿਲ ਗਿਆ ਅਤੇ ਜੱਦ ਮੈਂ ਵਾਪਸ ਆਈ ਤਾਂ ਉੱਥੇ ਕੋਈ ਨਹੀਂ ਸੀ। ਮੈਂ ਆਪਣੀ ਉਸੇ ਥਾਂ ਚਲੀ ਗਈ। ਜਿੱਥੇ ਮੈਂ ਬਹਿਠੀ ਸੀ ਅਤੇ ਖਿਆਲ ਕੀਤਾ ਕਿ ਜੱਦ ਉਹ ਲੋਕ ਮੈਨੂੰ ਗੁੰਮ ਪਾਉਣਗੇ ਤਾਂ ਵਾਪਸ ਆ ਜਾਣਗੇ। ਇਸ ਦੌਰਾਨ ਮੇਰੀ ਅੱਖ ਲੱਗ ਗਈ।

ਸਫ਼ਵਾਨ ਬਿਨ ਮੁਅੱਤਲ ਰਜ਼ੀ ਅੱਲਾਹ ਅੰਨਹੁ ਦੀ ਲਸ਼ਕਰ ਦੇ ਪਿੱਛੇ ਡਿੱਗੀ ਪਈ ਚੀਜ਼ਾਂ ਨੂੰ ਜਮ੍ਹਾਂ ਕਰਨ ਦੀ ਡਿਯੂਟੀ ਸੀ। ਉਹ ਜੱਦ ਸਵੇਰ ਨੂੰ ਮੇਰੇ ਠਿਕਾਣੇ ਦੇ ਨੇੜੇ ਪਹੁੰਚੇ ਤਾਂ ਉਹਨਾਂ ਨੇ ਮੈਨੂੰ ਪਛਾਣ ਲਿਆ ਕਿਉਂਕਿ ਪਰਦੇ ਦੇ

ਹੁਕਮ ਤੋਂ ਪਹਿਲਾਂ ਉਹਨਾਂ ਨੇ ਮੈਨੂੰ ਵੇਖਿਆ ਹੋਇਆ ਸੀ। ਮੈਨੂੰ ਉਹਨਾਂ ਦੇ ﷲ ا ਪੜ੍ਹਣ ਉੱਤੇ ਜਾਗ ਆਈ। ਮੈਂ ਆਪਣੀ ਚਾਦਰ ਨਾਲ ਆਪਣਾ ਮੂੰਹ ਲੁਕੋ ਲਿਆ ਅਤੇ ਰੱਬ ਦੀ ਕਸਮ ! ਅਸੀਂ ਇੱਕ ਗੱਲ੍ਹ ਵੀ ਨ ਕੀਤੀ। ਮੈਂ ਉਹਨਾਂ ਦੀ ਊਂਠਨੀ ਉੱਤੇ ਬਹਿ ਗਈ ਅਤੇ ਅਸੀਂ ਸਖਤ ਗਰਮੀ ਵਿੱਚ ਸਿਖਰ ਦੁਪਹਿਰੀ ਜੱਦਕਿ ਲਸ਼ਕਰ ਨੇ ਪੜਾਓ ਕੀਤਾ ਹੋਇਆ ਸੀ। ਲਸ਼ਕਰ ਕੋਲ੍ਹ ਪਹੁੰਚ ਗਏ। ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਨੇ ਬਿਆਨ ਕੀਤਾ। ਤਬਾਹ ਹੋ ਗਿਆ, ਜੋ ਤਬਾਹ ਹੋ ਗਿਆ ਅਤੇ ਉਹ ਜਿਸ ਨੇ ਆਰੋਪ ਦਾ ਵੱਡਾ ਭਾਗ ਲਿਆ। ਉਹ ਅਬਦੁੱਲਾਹ ਬਿਨ ਊਬਯੀ ਬਿਨ ਸਲੂਲ ਸੀ।

ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਫ਼ਰਮਾਉਂਦੀ ਹਨ ਕਿ ਅਸੀਂ ਮਦੀਨਾ ਪਹੁੰਚੇ ਤਾਂ ਮੈਂ ਬਿਮਾਰ ਹੋ ਗਈ ਅਤੇ ਮੈਨੂੰ ਇਸ ਆਰੋਪ ਦੀ ਕੋਈ ਖਬਰ ਨਹੀਂ ਸੀ। ਬਿਮਾਰੀ ਵਿੱਚ ਮੈਂਨੂੰ ਬੇਚੈਨ ਕਰਨ ਵਾਲੀ ਗੱਲ੍ਹ ਇਹ ਸੀ ਕਿ ਮੈਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਤੋਂ ਉਹ ਮਿਹਰਬਾਨੀ ਨਹੀਂ ਵੇਖ ਰਹੀ ਸੀ। ਜੋ ਮੈਂ ਆਪ ਸੱਲਲਾਹੁ ਅਲੈਹਿ ਵੱਸਲਮ ਤੋਂ ਵੇਖਦੀ ਸੀ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਮੇਰੇ ਕੋਲ੍ਹ ਆਉਂਦੇ ਅਤੇ ਸਲਾਮ ਕਰਦੇ। ਫਿਰ ਫ਼ਰਮਾਉਂਦੇ : ਤੁਹਾਡਾ ਕੀ ਹਾਲ ਆ ? ਅਤੇ ਤੁਰ ਜਾਂਦੇ। ਬਸ ਇਨ੍ਹਾਂ ਹੀ ਸੀ। ਇਹ ਗੱਲ੍ਹ ਮੈਨੂੰ ਬੇਚੈਨ ਕਰਦੀ ਸੀ।

ਮੈਂ ਇੱਕ ਦਿਨ ਉੱਮੇ-ਮਿਸਤਾਹ ਨਾਲ ਬਾਹਰ ਗਈ ਤਾਂ ਮੈਨੂੰ ਆਰੋਪ ਲਾਉਣ ਵਾਲਿਆਂ ਬਾਰੇ ਪਤਾ ਲੱਗਿਆ। ਮੈਂ ਆਪਣੇ ਘਰ ਵਾਪਸ ਆਈ ਤਾਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਮੇਰੇ ਕੋਲ੍ਹ ਆਏ। ਮੈਂ ਕਿਹਾ ਕਿ ਆਪ ਸੱਲਲਾਹੁ ਅਲੈਹਿ ਵੱਸਲਮ ਮੈਨੂੰ ਆਗਿਆ ਦਿੰਦੇ ਹਨ ਕਿ ਮੈਂ ਆਪਣੇ ਮਾਂਪਿਆਂ ਕੋਲ੍ਹ ਹੋ ਆਵਾਂ। ਆਪ ਸੱਲਲਾਹੁ ਅਲੈਹਿ ਵੱਸਲਮ ਨੇ ਆਗਿਆ ਦੇ ਦਿੱਤੀ ਅਤੇ ਮੈਂ ਆਪਣੇ ਮਾਂਪਿਆਂ ਦੇ ਘਰ ਚਲੀ ਗਈ। ਮੈਂ ਆਪਣੀ ਮਾਂ ਨੂੰ ਕਿਹਾ ਕਿ ਲੋਕ ਕੀ ਗੱਲ੍ਹਾਂ ਕਰ ਰਹੇ ਹਨ ? ਮਾਂ ਨੇ ਕਿਹਾ ਕਿ ਹੌਂਸਲਾ ਰੱਖ। ਫਿਰ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਨੇ ਮੇਰੀ ਆਵਾਜ਼ ਸੁਣੀ ਤਾਂ ਕਿਹਾ ਕਿ ਮੇਰੀ ਪਿਆਰੀ ਬੇਟੀ ! ਮੈਂ ਤੈਨੂੰ ਕਸਮ ਦੇਣਾ ਕਿ ਆਪਣੇ ਘਰ ਵਾਪਸ ਚਲੀ ਜਾ ਤਾਂ ਮੈਂ ਵਾਪਸ ਆ ਗਈ। ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਕਹਿੰਦੀ ਹਨ ਕਿ ਮੈਂ ਸਾਰੀ ਰਾਤ ਰੋਂਦੀ ਰਹੀ। ਇੱਥੇ ਤੱਕ ਕਿ ਸਵੇਰ ਹੋ ਗਈ। ਉਸ ਦਿਨ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਹਜ਼ਰਤ ਅਲੀ ਬਿਨ ਅਬੀ ਤਾਲਿਬ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਉਸਾਮਾ ਬਿਨ ਜ਼ੈਦ ਰਜ਼ੀ ਅੱਲਾਹ ਅੰਨਹੁ ਤੋਂ ਮੇਰੇ ਨਾਲ ਗੱਲ੍ਹ ਬਾਤ ਬੰਦ ਕਰਨ ਸੰਬੰਧੀ ਸਲਾਹ ਮੰਗੀ। ਹਜ਼ਰਤ ਉਸਾਮਾ ਰਜ਼ੀ ਅੱਲਾਹ ਅੰਨਹੁ ਨੇ ਕਿਹਾ ਕਿ ਉਹ ਆਪ ਸੱਲਲਾਹੁ ਅਲੈਹਿ ਵਸਲਮ ਦੀ ਪਵਿੱਤਰ ਪਤਨੀ ਹਨ ਅਤੇ ਅਸੀਂ ਭਲਾਈ ਤੋਂ ਬਿਨਾਂ ਕੁੱਝ ਨਹੀਂ ਜਾਣਦੇ। ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਨੇ ਕਿਹਾ ਕਿ ਹੇ ਅੱਲਾਹ ਦੇ ਰਸੂਲ ! ਅੱਲਾਹ ਨੇ ਆਪ ਉੱਤੇ ਕੋਈ ਤੰਗੀ ਨਹੀਂ ਕੀਤੀ ਅਤੇ ਉਹਨਾਂ ਤੋਂ ਬਿਨਾਂ ਔਰਤਾਂ ਬਹੁਤ ਹਨ। ਆਪ ਸੱਲਲਾਹੁ ਅਲੈਹਿ ਵੱਸਲਮ ਖਾਦਿਮਾ ਨੂੰ ਪੁੱਛਣ, ਉਹ ਸੱਚ ਦੱਸੇਗੀ। ਆਪ ਸੱਲਲਾਹੁ ਅਲੈਹਿ ਵੱਸਲਮ ਦੇ ਪੁੱਛਣ ਉੱਤੇ ਖਾਦਿਮਾ ਨੇ ਕਿਹਾ ਕਿ ਰੱਬ ਦੀ ਕਸਮ ! ਮੈਂ ਉਹਨਾਂ ਦੀ ਕਦੇ ਕੋਈ ਅਜਿਹੀ ਗੱਲ੍ਹ ਨਹੀਂ ਵੇਖੀ। ਜਿਸ ਨੂੰ ਮੈਂ ਮੰਦਾ ਸਮਝਦੀ ਹੋਵਾਂ।

ਉਸੇ ਦਿਨ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਮੈਂਬਰ ਉੱਤੇ ਖੜੇ ਹੋ ਕੇ ਫ਼ਰਮਾਇਆ ਕਿ ਹੇ ਮੁਸਲਮਾਨਾਂ ਦੀ ਜਮਾਤ ! ਕੌਣ ਮੈਨੂੰ ਉਸ ਤੋਂ ਬਚਾਵੇਗਾ। ਜਿਸ ਵਲੋਂ ਮੈਨੂੰ ਮੇਰੇ ਘਰਦਿਆਂ ਸੰਬੰਧੀ ਦੁੱਖ ਮਿਲਿਆ ? ਰੱਬ ਦੀ ਕਸਮ ਮੈਂ ਆਪਣੇ ਘਰਦਿਆਂ ਸੰਬੰਧੀ ਭਲਾਈ ਤੋਂ ਬਿਨਾਂ ਕੁੱਝ ਨਹੀਂ ਜਾਣਦਾ। ਹਜ਼ਰਤ ਸਆਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਨੇ ਕਿਹਾ : ਮੈਂ ਆਪ ਸੱਲਲਾਹੁ ਅਲੈਹਿ ਵੱਸਲਮ ਨੂੰ ਬਚਾਵਾਂਗਾ। ਜੇਕਰ ਇਹ ਵਿਅਕਤੀ ਸਾਡੇ ਕਬੀਲੇ ਓਸ ਤੋਂ ਹੋਇਆ ਤਾਂ ਉਸ ਦੀ ਗਰਦਨ ਉਡਾ ਦਿਆਂਗਾ ਅਤੇ ਜੇਕਰ ਉਹ ਕਬੀਲਾ ਖਜ਼ਰਜ ਤੋਂ ਹੋਇਆ ਤਾਂ ਜਿਵੇਂ ਆਪ ਸੱਲਲਾਹੁ ਅਲੈਹਿ ਵੱਸਲਮ ਹੁਕਮ ਦੇਣਗੇ। ਅਸੀਂ ਕਰਨ ਨੂੰ ਤਿਆਰ ਆ। ਕਬੀਲਾ ਖਜ਼ਰਜ ਦੇ ਸਰਦਾਰ ਸਾਅਦ ਬਿਨ ਉਬਾਦਹ ਰਜ਼ੀ ਅੱਲਾਹ ਅੰਨਹੁ ਖੜੇ ਹੋਏ ਅਤੇ ਸਾਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਨੂੰ ਕਿਹਾ ਕਿ ਤੁਸੀਂ ਝੂਠ ਕਿਹਾ ਹੈ। ਰੱਬ ਦੀ ਕਸਮ ! ਤੁਸੀਂ ਸਾਡੇ ਕਿਸੇ ਆਦਮੀ ਨੂੰ ਕਤਲ ਨਹੀਂ ਕਰ ਸਕਦੇ। ਇਹਨਾਂ ਗੱਲ੍ਹਾਂ ਨਾਲ ਓਸ ਅਤੇ ਖਜ਼ਰਜ ਦੇ

ਕੁੱਝ ਲੋਕਾਂ ਨੂੰ ਜੋਸ਼ ਆ ਗਿਆ ਅਤੇ ਕਰੀਬ ਸੀ ਕਿ ਲੜ੍ਹਾਈ ਹੋ ਜਾਂਦੀ। ਪਰ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਸਭ ਨੂੰ ਸਮਝਾ ਬੁਝਾ ਕੇ ਠੰਡਾ ਕੀਤਾ ਅਤੇ ਚੁੱਪ ਕਰਕੇ ਚਲੇ ਗਏ।

ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਕਹਿੰਦੀ ਹਨ ਕਿ ਮੇਰੇ ਅਥੱਰੂ ਥਮਦੇ ਨਹੀਂ ਸਨ ਅਤੇ ਨੀਂਦ ਹਰਾਮ ਹੋ ਗਈ ਸੀ। ਇਸੇ ਹਾਲਤ ਵਿੱਚ ਆਪ ਸੱਲਲਾਹੁ ਅਲੈਹਿ ਵੱਸਲਮ ਮੇਰੇ ਕੋਲ੍ਹ ਆਏ। ਤਸ਼ਹੁੱਦ ਪੜ੍ਹਿਆ ਅਤੇ ਫ਼ਰਮਾਇਆ ਕਿ ਹੇ ਆਇਸ਼ਾ ! ਵੇਖੋ, ਤੁਹਾਡੇ ਸੰਬੰਧੀ ਮੈਨੂੰ ਇਹ ਇਹ ਗੱਲ੍ਹ ਪਹੁੰਚੀ ਹੈ। ਸੋ, ਜੇਕਰ ਤੁਸੀਂ ਨਿਰਦੋਸ਼ ਹੋ ਤਾਂ ਮੈਨੂੰ ਉਮੀਦ ਹੈ ਕਿ ਰੱਬ ਜ਼ਰੂਰ ਤੁਹਾਨੂੰ ਬਾ-ਇੱਜ਼ਤ ਬਰੀ ਕਰੇਗਾ ਅਤੇ ਜੇਕਰ ਤੁਹਾਡੇ ਤੋਂ ਕੋਈ ਗਲਤੀ ਹੋਈ ਹੈ ਤਾਂ ਰੱਬ ਤੋਂ ਬਖਸ਼ਿਸ਼ ਮੰਗੋ ਕਿਉਂਕਿ ਜੱਦ ਬੰਦਾ ਤੋਬਾ ਕਰਦਾ ਹੈ ਤਾਂ ਰੱਬ ਉਸ ਦੀ ਤੋਬਾ ਕਬੂਲ ਕਰਦਾ ਹੈ ਅਤੇ ਉਸ ਉੱਤੇ ਰਹਿਮ ਫ਼ਰਮਾਉਂਦਾ ਹੈ। ਮੈਂ ਆਪਣੇ ਮਾਂਪਿਆਂ ਨੂੰ ਕਿਹਾ ਕਿ ਆਪ ਸੱਲਲਾਹੁ ਅਲੈਹਿ ਵੱਸਲਮ ਨੂੰ ਇਸ ਗੱਲ੍ਹ ਦਾ ਉੱਤਰ ਦਿਓ। ਦੋਵਾਂ ਨੇ ਕਿਹਾ ਕਿ ਸਾਨੂੰ ਨਹੀਂ ਪਤਾ ਕਿ ਅਸੀਂ ਕੀ ਉੱਤਰ ਦੇਈਏ। ਤੱਦ ਮੈਂ ਆਪ ਸੱਲਲਾਹੁ ਅਲੈਹਿ ਵੱਸਲਮ ਨੂੰ ਕਿਹਾ ਕਿ ਮੈਨੂੰ ਤਾਂ ਆਪਣਾ ਮਾਮਲਾ ਯੂਸਫ਼ ਅਲੈਹਿ ਸਲਾਮ ਦੇ ਬਾਪ ਵਰਗਾ ਲੱਗਦਾ ਹੈ। ਸੋ, ਮੇਰੇ ਲਈ ਵੀ ਸਬਰ ਹੀ ਚੰਗਾ ਹੈ। ਰੱਬ ਜ਼ਰੂਰ ਮੈਨੂੰ ਇਸ ਆਰੋਪ ਤੋਂ ਛੇਤੀ ਹੀ ਬਰੀ ਕਰੇਗਾ।

ਫਿਰ ਹਾਲੇ ਆਪ ਸੱਲਲਾਹੁ ਅਲੈਹਿ ਵੱਸਲਮ ਉੱਥੋਂ ਉਠੇ ਵੀ ਨਹੀਂ ਸਨ ਕਿ ਆਪ ਸੱਲਲਾਹੁ ਅਲੈਹਿ ਵੱਸਲਮ ਉੱਤੇ ਵਹੀ ਵਾਲੀ ਹਾਲਤ ਆ ਗਈ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਇਸ ਹਾਲਤ ਦੇ ਬਾਦ ਮੁਸਕਰਾਉਂਦੇ ਹੋਏ ਫ਼ਰਮਾਇਆ ਕਿ ਆਇਸ਼ਾ ! ਰੱਬ ਨੇ ਤੈਨੂੰ ਇਸ ਆਰੋਪ ਤੋਂ ਬਰੀ ਕਰ ਦਿੱਤਾ ਹੈ।

ਜੱਦ ਮੈਂ ਇਸ ਆਰੋਪ ਤੋਂ ਬਰੀ ਹੋ ਗਈ ਤਾਂ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਨੇ, ਜੋ ਗਰੀਬੀ ਕਰਕੇ ਮਸਤਾਹ ਬਿਨ ਅਸਾਸਾ ਦੀ ਮਦਦ ਕਰਦੇ ਸਨ, ਉਹਨਾਂ ਨੇ ਕਸਮ ਖਾਦੀ ਕਿ ਅੱਗੇ ਤੋਂ ਉਸ ਦੀ ਮਦਦ ਨਹੀਂ ਕਰਾਂਗਾ। ਪਰ ਰੱਬ ਨੇ ਵਹੀ ਭੇਜੀ ਕਿ ਅਜਿਹਾ ਕਰਨਾ ਬਿਲਕੁਲ ਆਯੋਗ ਹੈ। ਜਿਸ ਉੱਤੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਨੇ ਕਿਹਾ ਕਿ ਰੱਬ ਦੀ ਕਸਮ ! ਮੈਂ ਚਾਹੁਣਾ ਹਾਂ ਕਿ ਰੱਬ ਮੇਰੇ ਪਾਪਾਂ ਦਾ ਪਰਦਾ ਕਰੇ ਅਤੇ ਅਹਦ ਕੀਤਾ ਕਿ ਅੱਗੇ ਤੋਂ ਕਦੇ ਵੀ ਮਸਤਾਹ ਦਾ ਵਜ਼ੀਫਾ ਬੰਦ ਨਹੀਂ ਕਰਾਂਗਾ।

ਅੰਤ ਵਿੱਚ ਹਜ਼ੂਰੇ ਅਨਵਰ ਨੇ ਫ਼ਰਮਾਇਆ : ਅੱਜ ਫਿਰ ਮੈਂ ਦੁਆ ਲਈ ਕਹਿਣਾ ਚਾਹੁਣਾ ਹਾਂ। ਬੰਗਲਾਦੇਸ਼ ਦੇ ਅਹਮਦੀਆਂ ਲਈ ਦੁਆ ਕਰੋ। ਰੱਬ ਉਹਨਾਂ ਦੇ ਹਾਲਾਤ ਵੀ ਜਲਦ ਚੰਗੇ ਕਰੇ। ਪਾਕਿਸਤਾਨ ਦੇ ਅਹਮਦੀਆਂ ਲਈ ਵੀ ਦੁਆ ਕਰੋ। ਰੱਬ ਉਹਨਾਂ ਦੇ ਹਾਲਾਤ ਵੀ ਚੰਗੇ ਕਰੇ। ਫਲਸਤੀਨ ਦੇ ਮਜ਼ਲੂਮਾਂ ਲਈ ਵੀ ਦੁਆ ਕਰੋ। ਰੱਬ ਉਹਨਾਂ ਦੀ ਹਾਲਤ ਉੱਤੇ ਰਹਿਮ ਫ਼ਰਮਾਏ। ਮੁਸਲਮਾਨ ਦੇਸ਼ਾਂ ਲਈ ਵੀ (ਦੁਆ ਕਰੋ) ਰੱਬ ਉਹਨਾਂ ਦੇ ਲੀਡਰਾਂ ਨੂੰ ਅਕਲ ਬਖਸ਼ੇ ਅਤੇ ਉਹ ਲੋਕਾਂ ਦੇ ਹੱਕ ਅਦਾ ਕਰਨ ਵਾਲੇ ਬਣ ਜਾਣ। ਜ਼ੁਲਮ ਕਰਨ ਵਾਲੇ ਨ ਬਣਨ ਕਿਉਂਕਿ ਉਹਨਾਂ ਦੇ ਜ਼ੁਲਮ ਕਰਕੇ ਹੀ ਦੁਸ਼ਮਣ ਨੂੰ ਵੀ ਹਿੰਮਤ ਹੁੰਦੀ ਹੈ ਕਿ ਮੁਸਲਮਾਨਾਂ ਉੱਤੇ ਜ਼ੁਲਮ ਕਰਨ ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਆਪ ਹੱਕ ਅਦਾ ਨਹੀਂ ਕਰ ਰਹੇ ਤਾਂ ਸਾਡੇ ਤੋਂ ਕਿਵੇਂ ਹੱਕ ਮੰਗ ਸਕਦੇ ਹਨ। ਰੱਬ ਮੁਸਲਮਾਨਾਂ ਉੱਤੇ ਰਹਿਮ ਫ਼ਰਮਾਏ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ